ੴ

ਕਿਆਰੀ ਛੇਵੀਂ

G. 327

ਫੁੱਲ ਦੂਜਾ

* ਬਾਲ ਬਗੀਚਾ *

# ਸੂਮ ਬਾਬਾ

ਲੇਖਕ

ਮਾਸਟਰ ਭੁਪਿੰਦਰ ਸਿੰਘ 'ਮੁਸ਼ਤਾਕ' ਵੇਰਕਾ

ਪਰਕਾਸ਼ਕ

ਪੰਜਾਬੀ ਕਿਤਾਬ ਘਰ, ਅੰਮ੍ਰਿਤਸਰ

ਅਗਸਤ ੧੯੩੪

ਪਹਿਲੀ ਵਾਰ ੧੦੦੦ ਮੁੱਲ ।–)

# ਜਾਣ ਪਛਾਣ

ਕਿਸੇ ਪਿੰਡ ਵਿੱਚ ਇੱਕ ਬੁੱਢੜਾ ਵਸਦਾ ਸੀ। ਉਸ ਦੇ ਨਾਂ ਦਾ, ਜੋ ਉਸ ਦੀ ਮਾਂ ਨੇ ਚਾਵਾਂ ਮਲ੍ਹਾਰਾਂ ਨਾਲ ਰਖਿਆ ਹੋਵੇਗਾ, ਤਾਂ ਖ਼ਬਰੇ ਰੱਬ ਨੂੰ ਜਾਂ ਉਸ ਦੇ ਹਾਣੀਆਂ ਨੂੰ ਹੀ ਪਤਾ ਹੋਵੇਗਾ ਪਰ ਆਮ ਮੁੰਡੇ ਖੁੰਡੇ ਤੇ ਕੁੜੀਆਂ ਚਿੱੜੀਆਂ ਜਦੋਂ ਵੀ ਉਹ ਕਿਤੇ ਬਾਹਰ ਨਿਕਲਦਾ ਤਾਂ ਬਾਬਾ ਸ਼ੂਮ ਜਾਂ ਸ਼ੂਮ ਬਾਬਾ ਆਖ ਆਖ ਉਸ ਦੀ ਮਤ ਮਾਰ ਦਿੰਦੇ ਸਨ। ਨਿਆਣੇ ਉਤਨਾ ਚਿਰ ਉਸ ਦਾ ਖਹਿੜਾ ਨਹੀਂ ਸਨ ਛੱਡਦੇ ਜਦ ਤੋੜੀ ਉਹ ਆਪਣੀ ਢੱਠੀ ਕੋਠੜੀ ਵਿੱਚ ਵੜ ਕੇ ਬੂਹਾ ਨਾ ਮਾਰ ਲੈਂਦਾ।

ਉਸ ਦੀ ਢੱਠੀ ਜਿਹੀ ਕੋਠੜੀ ਨੂੰ ਬੂਹਾ ਵੀ ਕਿਤੇ ਜੁੱਗਾਂ ਦਾ ਹੀ ਲੱਗਾ ਹੋਇਆ ਸੀ। ਉਸ ਦੀਆਂ ਚੂਥੀਆਂ ਤੇ ਚੁਗਾਠਾਂ

ਸਭ ਮਿੱਟੀ ਨੇ ਖਾ ਲਈਆਂ ਸਨ। ਤਖਤੇ ਬੋਦੇ ਹੋਏ ਹੋਏ ਇੰਞ ਮਲੂਮ ਹੁੰਦੇ ਸਨ ਜਿਸ ਤਰ੍ਹਾਂ ਵਾ ਵਰੋਲੇ ਨਾਲ ਹੀ ਡਿੱਗ ਪੈਣਗੇ। ਜਦੋਂ ਕਦੇ ਬੂਹਾ ਖੁਲ੍ਹਦਾ ਤਾਂ ਆਂਢ ਗੁਆਂਢ ਨੂੰ ਚੀਕੂੰ ਚੀਕੂੰ ਕਰ ਕੇ ਪਤਾ ਦੇ ਦਿੰਦਾ ਕਿ ਭੱਜੋ ਲੋਕੋ ਬਾਬਾ ਮੈਨੂੰ ਛੇੜਦਾ ਜੇ।

ਅੰਦਰੋਂ ਬਾਬੇ ਦਾ ਵਿਹੜਾ ਭੀ ਦੁਨੀਆਂ ਨਾਲੋਂ ਅੱਡਰਾ ਹੀ ਸੀ। ਵਿਹੜੇ ਵਿੱਚ ਝਾੜੂ ਕਦੇ ਬਾਬੇ ਦੀ ਮਾਂ ਨੇ ਭਾਵੇਂ ਫੇਰਿਆ ਹੋਵੇ ਪਰ ਬਾਬੇ ਜਾਂ ਉਸ ਦੀ ਵਹੁਟੀ ਨੇ ਇਹ ਪਾਪ ਕਦੇ ਨਹੀਂ ਸੀ ਕੀਤਾ ਜਾਪਦਾ। ਕੂੜਾ ਢੇਰਾਂ ਦੇ ਢੇਰ ਟੋਕਰਿਆਂ ਦੇ ਟੋਕਰੇ ਬਾਬੇ ਨੇ ਜੱਟਾਂ ਦੇ ਢੋਹਲਾਂ ਵਾਙ ਕੱਠਾ ਕਰ ਛੱਡਿਆ ਸੀ। ਅਗਾਂਹ ਅੰਦਰ ਇਸ ਨਾਲੋਂ ਵੀ ਚੰਦ ਚੜ੍ਹਿਆ ਹੋਇਆ ਸੀ। ਇੱਕ ਕੁਨਾਲੀ ਆਟਾ ਗੁੰਨ੍ਹਣ ਲਈ ਤੇ ਦੋ ਤਿੰਨ ਪਿਆਲੇ ਪਾਣੀ ਪੀਣ ਲਈ ਮੂਧੇ ਧਰੇ ਹੋਏ ਸਨ। ਚੱਟੂ ਵੱਟਾ, ਛੱਜਨਾ ਛੜਨ ਵਾਲੀ ਉੱਖਲੀ ਤੇ ਲਾਗੋ ਲਾਗੀ ਦੋ ਮੂਹਲੀਆਂ ਆਪੋ



ਵਿੱਚ ਦੀ ਵਿੱਟਰਿਆਂ ਹੋਇਆਂ ਵਾਙ ਇੱਕ ਦੂਜੀ ਵੱਲ ਪਿੱਠ ਫੇਰੀ ਪਈਆਂ ਸਨ। ਚੱਕੀ ਚੁਪ ਚਾਪ ਖਲੋਤੀ ਦੱਸ ਰਹੀ ਸੀ ਕਿ ਮੈਨੂੰ ਘੱਟ ਵੱਧ ਹੀ ਖੇਚਲ ਦਿੱਤੀ ਜਾਂਦੀ ਹੈ, ਬਹੁਤਾ ਕੰਮ ਚੱਟੂ ਵੱਟੇ ਤੋਂ ਹੀ ਲਿਆ ਜਾਂਦਾ ਹੈ। ਲੈ ਦੇ ਕੇ ਸਾਰੀ ਇਹੋ ਬਾਬੇ ਦੇ ਘਰ ਦੀ ਵਰਤਣ ਸੀ ਤੇ ਹੋਰ ਬੱਸ।

ਬਾਬਾ ਇਕੱਲਾ ਨਹੀਂ ਸੀ ਰਹਿੰਦਾ। ਬਾਬੇ ਵਰਗੀ ਹੀ ਇੱਕ ਸਾਥਣ ਬੁੱਢੜੀ ਵੀ ਬਾਬੇ ਦੇ ਨਾਲ ਰਹਿੰਦੀ ਸੀ। ਪੈਸਾ ਤਾਂ ਬਥੇਰਾ ਸੀ ਪਰ ਇਸ ਜੋੜੇ ਨੂੰ ਖਰਚਣਾ ਹਰਾਮ ਸੀ। ਭਲਾ ਜੇ ਕਿਤੇ ਬਾਬਾ ਭੁੱਲਿਆ ਭੁਲਾਇਆ ਨਿਆਣਿਆਂ ਲਈ ਕੁਝ ਲੈ ਆਉਂਦਾ ਤਾਂ ਅੱਗੋਂ ਬੁੱਢੜੀ ਪੰਜ ਪੱਥਰ ਚੁੱਕ ਕੇ ਪੈਂਦੀ ਤੇ ਬਾਬਾ ਵਿਚਾਰਾ ਕੰਨਾਂ ਨੂੰ ਹੱਥ ਲਾ ਕੇ ਛੁੱਟਦਾ। ਝਿੜਕਾਂ ਦੇ ਮਾਰੇ ਹੋਏ ਮੁੰਡੇ ਕੁੜੀਆਂ ਟੁੱਕ ਵੀ ਨਾ ਮੰਗਦੇ, ਹੋਰ ਉਹਨਾਂ ਕੀ ਮੰਗਣਾ ਸੀ। ਲੀੜੇ ਜੋ ਪਾਉਂਦੇ ਓਦੋਂ ਹੀ ਲਾਹੁੰਦੇ ਜਦੋਂ ਪਾਟ ਜਾਂਦੇ, ਧੋਣੇ ਹਰਾਮ ਸਨ। ਰੋਟੀ ਟੁੱਕ ਵੀ ਵਰਤ ਵਾਲਿਆਂ ਵਾਙ ਦੂਜੇ

ਪੱਕੇ ਦਾਣੇ ਜਿਹੜੇ ਮਾਨੀ ਲਾਗੇ ਲੱਗੇ ਰਹੇ ਉਹ ਬੇਅਰਥ ਗਏ। ਇਸ ਤਰ੍ਹਾਂ ਨਾਲ ਬਾਬੇ ਨੂੰ ਐਤਕੀ ਲੋਹੜੀ ਦੇਣੀ ਪੈ ਗਈ।

ਇਕ ਦਿਨ ਵਿਚਾਰਾ ਬਾਬਾ ਇੱਸੇ ਨੁਕਸਾਨ ਦਾ ਦਿੱਲ ਵਿੱਚ ਹਿਰਖ ਕਰਦਾ ਤੁਰਿਆ ਆਉਂਦਾ ਸੀ ਜੋ ਰਾਹ ਵਿੱਚ ਹੀ ਮੁੰਡਿਆਂ ਨੇ ਪੱਲਿਉਂ ਫੜ ਲਿਆ ਤੇ ਰੌਲਾ ਪਾ ਦਿੱਤਾ, ਭਈ ਭੱਜੋ ਲੋਕੋ! ਬਾਬੇ ਸ਼ੂਮ ਪਾਸੋਂ ਲੋਹੜੀ ਲਈਏ। ਸਾਰੇ ਵੱਡੇ ਛੋਟੇ ਉਦਾਲੇ ਆ ਕੱਠੇ ਹੋਏ। ਬਾਬਾ ਸ਼ੂਮ ਜਾਲ ਵਿੱਚ ਫਸੇ ਬਿੱਲੇ ਵਾਙੂ ਪਿਆ ਉਦਾਲੇ ਪੁਦਾਲੇ ਝਾਕੇ। ਕੁਝ ਚਿਰ ਤਾਂ ਕਬੂਤਰ ਵਾਙ ਆਪ ਹੀ ਅੱਖਾਂ ਮੀਟ ਕੇ ਮੁੰਡਿਆਂ ਪਾਸੋਂ ਲੁਕ ਗਿਆ ਪਰ ਜਦੋਂ ਕੋਈ ਪੇਸ਼ ਜਾਂਦੀ ਨਾ ਡਿੱਠੀ ਤਾਂ ਬੋਲਿਆ, "ਮੇਰੇ ਲੀੜੇ ਕਿਉਂ ਪਾੜਦੇ ਓ। ਰਾਤ ਨੂੰ ਘਰ ਆ ਜਾਇਓ ਤੇ ਭੋਰਾ ਭੋਰਾ ਗੁੜ ਲੈ ਜਾਇਓ। ਹੋਰ ਕੀ ਆਖਣਾ ਜੇ!" ਮੁੰਡਿਆਂ ਨੂੰ ਬਾਬੇ ਤੇ ਭਰੋਸਾ ਤਾਂ ਨਹੀਂ ਸੀ ਪਰ ਫੇਰ ਵੀ "ਚਲ ਹੋਊ ਪਰੇ" ਆਖ ਛੱਡ ਹੀ ਦਿੱਤਾ।



ਬਾਬਾ ਜਾਨ ਛੁਡਾ ਕੇ ਘਰ ਤਾਂ ਤੁਰਿਆ ਪਰ ਦਿਲ ਕਈਆਂ ਵਹਿਣਾਂ ਵਿੱਚ ਪਵੇ। ਕਦੇ ਤਾਂ ਦਿਲ ਕੱਢੇ ਤੇ ਆਖੇ ਚਲ ਹੋਊ ਪਰੇ ਸੇਰ ਫੁੱਲੇ ਤੇ ਰੋੜੀ ਗੁੜ ਦੀ ਹੀ ਹੈ ਨਾ। ਪਰ ਫੇਰ ਬੇਈਮਾਨੀ ਵੱਲ ਖਿਆਲ ਚਲਿਆ ਜਾਵੇ। ਅਖੀਰ ਨੂੰ ਸੋਚ ਸੋਚੀ ਜੋ ਉਹ ਵਿਉਂਤ ਕੱਢੀਏ ਜੋ ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ। ਆਉਂਦਿਆਂ ਬੁੱਢੜੀ ਨਾਲ ਸਭ ਗਿਣ ਮਿਥ ਕੇ ਧੀਰਜ ਨਾਲ ਅੰਦਰ ਜਾ ਲੰਮਾ ਪਿਆ। ਬੁੱਢੜੀ ਨੇ ਆਖਿਆ, 'ਏਦਾਂ ਕੰਮ ਨਹੀਂ ਬਣਨਾ, ਕੋਠੀ ਵਿੱਚ ਲੁਕ ਜਾਹ।' ਬਾਬੇ ਨੇ ਸਤਿ ਬਚਨ ਆਖ ਬੂਹਾ ਮਾਰ ਲਿਆ।

ਰਾਤ ਪਈ। ਸੱਭੇ ਨਿੱਕੇ ਵੱਡੇ ਮੁੰਡੇ ਕੁੜੀਆਂ ਅੱਡੋ ਅੱਡ ਢਾਣੀਆਂ ਬੰਨ੍ਹ ਬੰਨ੍ਹ ਕੇ ਬਾਬੇ ਦੇ ਘਰ ਵੱਲ ਆਉਣ ਲੱਗ ਪਏ। ਬੁੱਢੜੀ ਚੁੱਪ ਕਰ ਕੇ ਬੈਠੀ ਸੁਣਦੀ ਰਹੀ। ਬੂਹੇ ਅੱਗੇ ਰੌਣਕਾਂ ਲੱਗ ਗਈਆਂ। ਕੁੜੀਆਂ ਮੁੰਡਿਆਂ ਨੇ ਗਾਉਣ ਗਾਵੇਂ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.